# ਪਿੱਠਭੂਮੀ 4

ਤੁਰੰਤ ਜਾਰੀ ਕਰਨ ਲਈ
28 ਫ਼ਰਵਰੀ, 2023

ਵਿੱਤ ਮੰਤਰਾਲਾ

## ਬੀ.ਸੀ. ਦੀ ਮਜ਼ਬੂਤ, ਟਿਕਾਊ ਆਰਥਕਤਾ ਨੂੰ ਅੱਗੇ ਵਧਾਉਣਾ

ਵਿੱਤੀ ਯੋਜਨਾ ਦੌਰਾਨ ਲਗਭਗ $1.4 ਬਿਲੀਅਨ ਦੀ ਨਵੀਂ ਓਪਰੇਟਿੰਗ ਅਤੇ ਕੈਪਿਟਲ ਫੰਡਿੰਗ (ਸੰਚਾਲਨ ਅਤੇ ਪੂੰਜੀਗਤ ਫੰਡਿੰਗ) ਦੇ ਨਾਲ, ਬੱਜਟ 2023 ਵਾਤਾਵਰਣ ਲਈ ਹੋਰ ਬੇਹਤਰ, ਚੰਗੀ ਤਨਖਾਹ ਵਾਲੀਆਂ ਨੌਕਰੀਆਂ ਵਾਲਾ ਇੱਕ ਵਧੇਰੇ ਟਿਕਾਊ ਭਵਿੱਖ, ਕੁਦਰਤੀ ਸਰੋਤਾਂ ਦਾ ਸੰਪੂਰਨ ਪ੍ਰਬੰਧਨ, ਸਿਹਤਮੰਦ ਅਤੇ ਤੰਦਰੁਸਤ ਕਮਿਊਨਿਟੀਆਂ, ਨਿਕਾਸ ਘਟਾਉਣ, ਜਲਵਾਯੂ ਤਬਦੀਲੀ ਨਾਲ ਨਜਿੱਠਣ, ਅਤੇ ਇੰਡੀਜਨਸ ਲੋਕਾਂ ਨਾਲ ਸਾਂਝੇਦਾਰੀ ਲਈ ਬੁਨਿਆਦ ਸਥਾਪਤ ਕਰਦਾ ਹੈ।

### ਭਵਿੱਖ ਦੀਆਂ ਨੌਕਰੀਆਂ ਲਈ ਹੁਨਰ ਵਿਕਸਤ ਕਰਨਾ

ਬੀ.ਸੀ. ਦੇ ਲੋਕ ਇੱਕ ਮਜ਼ਬੂਤ, ਟਿਕਾਊ ਆਰਥਕਤਾ ਦੇ ਨਿਰਮਾਣ ਵਿੱਚ ਇੱਕ ਅਹਿਮ ਭੂਮਿਕਾ ਨਿਭਾਉਂਦੇ ਹਨ। ਆਉਣ ਵਾਲੇ ਦਹਾਕੇ ਵਿੱਚ ਇੱਕ ਮਿਲੀਅਨ ਤੋਂ ਵੱਧ ਨਵੀਆਂ ਨੌਕਰੀਆਂ ਦੇ ਨਾਲ, 'ਫਿਊਚਰ ਰੈਡੀ' (Future Ready) ਬੀ.ਸੀ. ਦੀ ਉਹ ਯੋਜਨਾ ਹੈ, ਜੋ ਇਹ ਯਕੀਨੀ ਬਣਾਉਂਦੀ ਹੈ ਕਿ ਸਾਰਿਆਂ ਕੋਲ ਨਵੇਂ ਹੁਨਰ ਸਿੱਖਣ ਅਤੇ ਵਧੀਆ ਤਨਖਾਹ ਵਾਲੀਆਂ ਨੌਕਰੀਆਂ ਲੈਣ ਦੇ ਮੌਕੇ ਹੋਣ, ਜੋ ਉਹਨਾਂ ਦਾ ਅਤੇ ਉਹਨਾਂ ਦੀਆਂ ਕਮਿਊਨਿਟੀਆਂ ਦਾ ਸਹਿਯੋਗ ਕਰਦੀਆਂ ਹਨ, ਅਤੇ ਕਾਰੋਬਾਰਾਂ ਤੋਂ ਸੁਣੀ ਗਈ ਸਭ ਤੋਂ ਵੱਡੀ ਚੁਣੌਤੀ – ਲੋਕਾਂ ਦੀ ਲੋੜ, ਦਾ ਹੱਲ ਕਰਦੀਆਂ ਹਨ।

ਬੱਜਟ 2023 'ਫਿਊਚਰ ਰੈਡੀ' ਦੇ ਕੰਮ ਦਾ ਸਮਰਥਨ ਕਰਦੇ ਹੋਏ ਪੋਸਟ-ਸੈਕੰਡਰੀ ਸਿਖਲਾਈ ਦੀਆਂ ਰੁਕਾਵਟਾਂ ਨੂੰ ਹਟਾਉਣ ਲਈ ਤਿੰਨ ਸਾਲਾਂ ਵਿੱਚ $480 ਮਿਲੀਅਨ ਦੇ ਰਿਹਾ ਹੈ, ਤਾਂ ਜੋ ਵੱਧ ਤੋਂ ਵੱਧ ਲੋਕ ਉਹ ਸਿਖਲਾਈ ਹਾਸਲ ਕਰ ਸਕਣ ਜਿਸਦੀ ਉਹਨਾਂ ਨੂੰ ਉੱਚ-ਮੰਗ ਵਾਲੇ ਪੇਸ਼ਿਆਂ ਲਈ ਲੋੜ ਹੈ, ਅਤੇ ਰੁਜ਼ਗਾਰ ਦੇਣ ਵਾਲੇ ਉਹਨਾਂ ਯੋਗ ਵਿਅਕਤੀਆਂ ਤੱਕ ਪਹੁੰਚ ਕਰ ਸਕਣ ਜਿਨ੍ਹਾਂ ਦੀ ਉਹਨਾਂ ਨੂੰ ਲੋੜ ਹੈ।

ਫਿਊਚਰ ਰੈਡੀ ਯੋਜਨਾ ਵਿੱਚ ਕਈ ਪਹਿਲਕਦਮੀਆਂ ਸ਼ਾਮਲ ਹਨ, ਜਿਵੇਂ ਕਿ:

- ਥੋੜ੍ਹੀ-ਮਿਆਦ ਦੀ ਹੁਨਰ ਸਿਖਲਾਈ ਲਈ ਇੱਕ ਨਵੀਂ ਗ੍ਰਾਂਟ, ਜੋ ਲੋਕਾਂ ਦੀ ਉਹ ਢੁਕਵੇਂ ਹੁਨਰ ਅਤੇ ਸਿਖਲਾਈ ਲੈਣ ਵਿੱਚ ਮਦਦ ਕਰੇਗੀ ਜਿਸਦੀ ਉਹਨਾਂ ਨੂੰ ਉੱਚ-ਮੰਗ ਅਤੇ ਵਧੀਆ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਸਫਲਤਾ ਹਾਸਲ ਕਰਨ ਲਈ ਲੋੜ ਹੋਵੇਗੀ;
- ਬਦਲਦੀ ਆਰਥਕਤਾ ਨਾਲ ਉਭਰ ਰਹੀਆਂ ਲੇਬਰ ਮਰਕਿਟ ਦੀਆਂ ਮੌਜੂਦਾ ਚੁਣੌਤੀਆਂ ਨਾਲ ਨਜਿੱਠਣ ਲਈ ਤਿਆਰ ਹੋਣ ਲਈ ਵਿਹਾਰਕ ਹੱਲ ਖੋਜਣ ਅਤੇ ਲਾਗੂ ਕਰਨ ਵਿੱਚ ਛੋਟੇ ਅਤੇ ਦਰਮਿਆਨੇ-ਆਕਾਰ ਵਾਲੇ ਕਾਰੋਬਾਰਾਂ ਦੀ ਮਦਦ ਕਰਨ ਲਈ ਨਵੀਂ ਫੰਡਿੰਗ।
- ਇੰਡੀਜਨਸ ਲੋਕਾਂ ਲਈ ਹੋਰ ਮੌਕੇ, ਜਿਸ ਵਿੱਚ ਇੰਡੀਜਨਸ-ਅਗਵਾਈ ਵਾਲੇ ਪ੍ਰੋਗਰਾਮਾਂ ਨੂੰ ਸਹਿਯੋਗ ਦੇਣ ਲਈ ਫੰਡਿੰਗ ਸ਼ਾਮਲ ਹੈ, ਜਿਵੇਂ ਕਿ ਇੱਕ ਨਵਾਂ 'ਗਾਰਡੀਅਨ' ਸਿਖਲਾਈ ਪ੍ਰੋਗਰਾਮ ਜੋ ਇੰਡੀਜਨਸ ਲੋਕਾਂ ਨਾਲ ਸਹਿ-ਵਿਕਸਤ ਕੀਤਾ ਜਾਵੇਗਾ; ਅਤੇ
- ਭਵਿੱਖ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਤਿਆਰ ਅਤੇ ਯੋਗ ਕਾਰਜਬਲ ਬਣਾਉਣ ਵਿੱਚ ਮਦਦ ਕਰਨ ਲਈ ਉੱਚ-ਮੰਗ ਵਾਲੇ ਖੇਤਰਾਂ ਲਈ ਹਜ਼ਾਰਾਂ ਨਵੀਆਂ ਸਿਖਲਾਈ ਸੀਟਾਂ ਦਾ ਨਿਰਮਾਣ ਕਰਨਾ।

ਤਿੰਨ ਸਾਲਾਂ ਵਿੱਚ ਹੋਰ $58 ਮਿਲੀਅਨ ਸੂਬੇ ਵਿੱਚ ਨਵੇਂ ਆਉਣ ਵਾਲੇ ਵਿਅਕਤੀਆਂ ਲਈ ਸਹਾਇਤਾ ਵਧਾਉਣ ਅਤੇ ਸਿਹਤ-ਸੰਭਾਲ ਜਾਂ ਬਾਲ ਸੰਭਾਲ (ਚਾਇਲਡ ਕੇਅਰ) ਵਰਕਰਾਂ ਵਰਗੇ ਪੇਸ਼ੇਵਰਾਂ ਲਈ ਵਿਦੇਸ਼ੀ ਕ੍ਰਿਡੈਨਸ਼ਿਅਲ ਮਾਨਤਾ ਨੂੰ ਤੇਜ਼ ਕਰਨ ਵਿੱਚ ਮਦਦ ਕਰੇਗਾ।

ਫਿਊਚਰ ਰੈਡੀ ਬੀ.ਸੀ. ਭਰ ਵਿੱਚ ਕਾਰਜਬਲਾਂ ਦੀ ਸ਼ਮੂਲੀਅਤ ਨੂੰ ਵੱਧ ਤੋਂ ਵੱਧ ਕਰਨ ਵਿੱਚ ਸਹਾਇਤਾ, ਪ੍ਰੋਗਰਾਮਾਂ ਅਤੇ ਅਜਿਹੀ ਖਾਸ ਸਿਖਲਾਈ ਤੱਕ ਪਹੁੰਚ ਬਣਾਉਣ ਵਿੱਚ ਮਦਦ ਕਰੇਗਾ, ਜੋ ਸਿਖਿਆਰਥੀਆਂ ਦੀਆਂ ਕਿਫ਼ਾਇਤੀ, ਪਹੁੰਚਯੋਗ ਅਤੇ ਵਿਅਕਤੀਗਤ ਲੋੜਾਂ ਨੂੰ ਪਛਾਣਦੀ ਹੈ। ਇਹ ਲੋਕਾਂ ਨੂੰ ਆਰਥਕ ਮੌਕੇ ਦੇਣ 'ਤੇ ਕੇਂਦ੍ਰਿਤ ਹੈ, ਜਿਸ ਵਿੱਚ ਉਹ ਲੋਕ ਵੀ ਸ਼ਾਮਲ ਹਨ ਜਿਨ੍ਹਾਂ ਦੀ ਨੁਮਾਇੰਦਗੀ ਘੱਟ ਹੈ, ਜਾਂ ਜੋ ਕਾਰਜਬਲ ਵਿੱਚ ਰੁਕਾਵਟਾਂ ਦਾ ਸਾਹਮਣਾ ਕਰਦੇ ਹਨ, ਜਿਵੇਂ ਕਿ ਇੰਡੀਜਨਸ, ਕਾਲੇ ਅਤੇ ਰੰਗ ਵਾਲੇ ਲੋਕ (IBPOC), ਔਰਤਾਂ, ਅਪਾਹਜ ਲੋਕ, 2SLGBTQ+, ਪ੍ਰਵਾਸੀ, ਕਈ ਹੋਰ ਅਪਾਹਜਤਾਵਾਂ ਜਾਂ ਅਸਮਰਥਤਾਵਾਂ ਨਾਲ ਜੂਝ ਰਹੇ ਲੋਕ, ਨੌਜਵਾਨ, ਅਤੇ ਸਾਬਕਾ 'ਯੂਥ-ਇੰਨ-ਕੇਅਰ'।

ਪੂਰੀ ਫਿਊਚਰ ਰੈਡੀ ਯੋਜਨਾ ਬਸੰਤ 2023 ਵਿੱਚ ਜਾਰੀ ਕੀਤੀ ਜਾਵੇਗੀ।

## ਸਾਫ਼, ਟਿਕਾਊ ਆਰਥਕ ਵਿਕਾਸ

ਬੀ.ਸੀ. ਵਿੱਚ ਬਹੁਤ ਸਾਰੇ ਕੁਦਰਤੀ ਸਰੋਤਾਂ ਦੀ ਭਰਮਾਰ ਹੈ, ਜੋ ਸੂਬੇ ਦੇ ਖੂਬਸੂਰਤੀ ਨੂੰ ਆਕਾਰ ਦਿੰਦੇ ਹਨ, ਇੱਕ ਮਜ਼ਬੂਤ ਆਰਥਕਤਾ ਨੂੰ ਵਧਾਉਂਦੇ ਹਨ, ਅਤੇ ਜੀਵੰਤ, ਵਿਭਿੰਨ ਕਮਿਊਨਿਟੀਆਂ ਨੂੰ ਸਹਿਯੋਗ ਦਿੰਦੇ ਹਨ। ਇਹ ਜ਼ਰੂਰੀ ਹੈ ਕਿ ਇਹਨਾਂ ਸਰੋਤਾਂ ਦਾ ਪ੍ਰਬੰਧਨ ਅਤੇ ਪਾਲਣ-ਪੋਸ਼ਣ ਇੰਡੀਜਨਸ ਲੋਕਾਂ ਦੇ ਸਹਿਯੋਗ ਨਾਲ ਕੀਤਾ ਜਾਵੇ, ਤਾਂ ਜੋ ਇੱਕ ਅਜਿਹੀ ਟਿਕਾਊ ਆਰਥਕਤਾ ਬਣਾਈ ਜਾ ਸਕੇ ਜੋ ਬੀ.ਸੀ. ਵਿੱਚ ਆਉਣ ਵਾਲੀਆਂ ਪੀੜ੍ਹੀਆਂ ਲਈ ਲੋਕਾਂ ਨੂੰ ਲਾਭ ਅਤੇ ਸਹਾਇਤਾ ਦਿੰਦੀ ਰਹੇ।

ਬੱਜਟ 2023 ਬੀ.ਸੀ. ਦੇ ਭਰਪੂਰ ਕੁਦਰਤੀ ਸਰੋਤਾਂ ਦੀ ਸੁਰੱਖਿਆ, ਸੰਭਾਲ ਅਤੇ ਦੇਖਭਾਲ ਲਈ ਤਿੰਨ ਸਾਲਾਂ ਵਿੱਚ $200 ਮਿਲੀਅਨ ਤੋਂ ਵੱਧ ਦਾ ਨਿਵੇਸ਼ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਅੱਠ ਹੋਰ 'ਫੌਰੈਸਟ ਲੈਂਡਸਕੇਪ' ਯੋਜਨਾਵਾਂ 'ਤੇ ਫਰਸਟ ਨੇਸ਼ਨਜ਼ ਨਾਲ ਸਾਂਝੇਦਾਰੀ ਕਰਨ ਲਈ $21 ਮਿਲੀਅਨ, ਤਾਂ ਜੋ ਵਧੇਰੇ ਪੁਰਾਣੇ ਦਰਖੱਤਾਂ (old growth trees) ਨੂੰ ਸੁਰੱਖਿਅਤ ਕੀਤਾ ਜਾ ਸਕੇ ਅਤੇ ਨਾਲ ਹੀ ਇਹ ਬੇਹਤਰ ਤਰੀਕੇ ਨਾਲ ਯਕੀਨੀ ਬਣਾਇਆ ਜਾ ਸਕੇ ਕਿ 'ਸਸਟੇਨੇਬਲ ਹਾਰਵੈਸਟਿੰਗ' (ਇੱਕ ਵਿਧੀ ਜੋ ਭਵਿੱਖ ਵਿੱਚ ਲੱਕੜ ਦੀ ਪੈਦਾਵਾਰ ਨੂੰ ਬਿਨਾਂ ਪ੍ਰਭਾਵਿਤ ਕੀਤੇ ਇੱਕ ਜੰਗਲੀ ਖੇਤਰ ਵਿੱਚ ਲੱਕੜ/ਟਿੰਬਰ ਦੇ ਸਰੋਤਾਂ ਦੀ ਨਿਰੰਤਰ ਸਪਲਾਈ ਜਾਰੀ ਰੱਖਦੀ ਹੈ) ਕਿੱਥੇ ਹੋ ਸਕਦੀ ਹੈ;
- ਕੁਦਰਤੀ ਸਰੋਤਾਂ ਦੀ ਪਰਮਿਟ ਦੀ ਪ੍ਰਤੀਕ੍ਰਿਆ ਨੂੰ ਤੇਜ਼ ਕਰਨ ਲਈ ਅਤੇ ਬੀ.ਸੀ. ਦੇ ਪਰਮਿਟਿੰਗ ਸਰਵਿਸ ਡਿਲੀਵਰੀ ਮੌਡਲ ਨੂੰ ਹੋਰ ਆਧੁਨਿਕ ਬਣਾਉਣਾ ਸ਼ੁਰੂ ਕਰਨ ਲਈ, ਜੋ ਬੈਕਲੌਗ (ਦੇਰ ਤੋਂ ਇਕੱਠਾ ਹੋ ਰਿਹਾ ਕਰਨ ਵਾਲਾ ਕੰਮ) ਨੂੰ ਘਟਾਉਣ, ਪ੍ਰੋਜੈਕਟਾਂ ਨੂੰ ਅੱਗੇ ਵਧਾਉਣ, ਅਤੇ ਦੂਰ-ਦੁਰਾਡੇ, ਪੇਂਡੂ ਅਤੇ ਇੰਡੀਜਨਸ ਕਮਿਊਨਿਟੀਆਂ ਵਾਲੇ ਇਲਾਕਿਆਂ ਵਿੱਚ ਬਿਜਲੀਕਰਨ ਦੇ ਨਾਲ-ਨਾਲ ਕੁਨੈਕਟੀਵਿਟੀ ਜਾਂ ਪਹੁੰਚ ਵਧਾਉਣ ਵਿੱਚ ਮਦਦ ਕਰਨ ਲਈ $77 ਮਿਲੀਅਨ;
- ਇੱਕ ਨਵੀਂ ਨਾਜ਼ੁਕ ਖਣਿਜ ਪਦਾਰਥਾਂ ਦੀ ਕਾਰਜਨੀਤੀ (critical minerals strategy) ਲਈ ਤਿੰਨ ਸਾਲਾਂ ਵਿੱਚ $6 ਮਿਲੀਅਨ, ਜੋ ਬੀ.ਸੀ. ਦੇ ਕੁਦਰਤੀ ਸਰੋਤਾਂ ਦਾ ਲਾਭ ਉਠਾਉਣ ਅਤੇ ਨਾਜ਼ੁਕ ਖਣਿਜ ਪਦਾਰਥਾਂ ਦੀ ਮੁੱਲ ਲੜੀ ਦੇ ਸੰਭਾਵੀ ਫਾਇਦਿਆਂ ਦਾ ਮੁਲਾਂਕਣ ਕਰੇਗੀ;
- ਬੀ ਸੀ ਪਾਰਕਸ ਅਤੇ ਬਾਹਰੀ ਮਨੋਰੰਜਨ ਦੀਆਂ ਥਾਂਵਾਂ, ਅਤੇ 'ਟ੍ਰੇਲਜ਼' (ਲੋਕਾਂ ਜਾਂ ਜਾਨਵਰਾਂ ਦੇ ਲੰਘਣ ਦੁਆਰਾ ਜੰਗਲੀ ਖੇਤਰ ਵਿੱਚ ਬਣਾਏ ਗਏ ਰਸਤੇ) ਵਿੱਚ ਬਾਹਰੀ ਮਨੋਰੰਜਨ ਦੇ ਮੌਕਿਆਂ ਨੂੰ ਸੁਰੱਖਿਅਤ ਕਰਨ ਅਤੇ ਉਹਨਾਂ ਨੂੰ ਵਧਾਉਣ ਵਿੱਚ ਮਦਦ ਕਰਨ ਲਈ ਵਿੱਤੀ ਯੋਜਨਾ ਵਿੱਚ ਸੰਚਾਲਨ ਫੰਡਿੰਗ ਅਤੇ ਪੂੰਜੀਗਤ ਫੰਡਿੰਗ ਵਿੱਚ $101 ਮਿਲੀਅਨ; ਅਤੇ
- ਫੌਰੈਸਟ ਸਰਿਵਸ ਸੜਕਾਂ (ਉਹ ਸੜਕਾਂ ਜਿਨ੍ਹਾਂ ਦੀ ਸੰਭਾਲ ਜੰਗਲਾਤ ਉਦਯੋਗ ਦੁਆਰਾ ਕੀਤੀ ਜਾਂਦੀ ਹੈ) ਦੀ ਸਾਂਭ-ਸੰਭਾਲ ਅਤੇ ਉਹਨਾਂ ਨੂੰ ਅੱਪਗ੍ਰੇਡ ਕਰਨ ਲਈ ਤਿੰਨ ਸਾਲਾਂ ਵਿੱਚ ਸੰਚਾਲਨ ਅਤੇ ਪੂੰਜੀਗਤ ਫੰਡਿੰਗ ਵਿੱਚ $49 ਮਿਲੀਅਨ।

ਇਹ ਨਿਵੇਸ਼ 'ਬੀ ਸੀ ਮੈਨੂਫੈਕਚਰਿੰਗ ਜੌਬਜ਼ ਫੰਡ' 'ਤੇ ਅਧਾਰਤ ਹਨ, ਜਿਸ ਨੂੰ ਹਾਲ ਹੀ ਵਿੱਚ ਦੁੱਗਣਾ ਕਰਕੇ $180 ਮਿਲੀਅਨ ਕੀਤਾ ਗਿਆ ਸੀ, ਅਤੇ ਸੂਬੇ ਭਰ ਵਿੱਚ ਨਵੀਨਤਾਕਾਰੀ ਪ੍ਰੋਜੈਕਟਾਂ ਵਿੱਚ ਸਹਾਇਤਾ ਕਰਦਾ ਹੈ, ਜਿਵੇਂ ਕਿ ਮਿੱਲਾਂ ਨੂੰ ਪੁਰਾਣੇ ਦਰਖੱਤਾਂ ਦੇ ਲੌਗਜ਼ ਤੋਂ ਦੂਰ ਰੱਖਣਾ ਅਤੇ ਉੱਚ-ਮੁੱਲ ਵਾਲੇ ਉਤਪਾਦ, ਜਿਵੇਂ ਕਿ ਮਾਸ ਟਿੰਬਰ ਵੱਲ ਮੋੜਨ ਵਿੱਚ ਮਦਦ ਕਰਨਾ।

ਬੀ.ਸੀ. ਕੋਲ ਉੱਤਰੀ-ਅਮਰੀਕਾ ਵਿੱਚ ਸਭ ਤੋਂ ਮਜ਼ਬੂਤ ਜਲਵਾਯੂ ਯੋਜਨਾਵਾਂ ਵਿੱਚੋਂ ਇੱਕ ਹੈ, ਅਤੇ ਬੱਜਟ 2023, ਨਿਕਾਸ ਨੂੰ ਘਟਾਉਣ ਅਤੇ ਭਵਿੱਖ ਲਈ ਇੱਕ ਟਿਕਾਊ ਆਰਥਕਤਾ ਦਾ ਨਿਰਮਾਣ ਕਰਨ ਲਈ 2030 ਤੱਕ CleanBC ਰੋਡਮੈਪ ਦੇ ਆਧਾਰ 'ਤੇ ਨਿਰਮਾਣ ਕਰਨਾ ਜਾਰੀ ਰੱਖਦਾ ਹੈ।

- ਪਿਛਲੇ ਨਿਵੇਸ਼ਾਂ ਦੇ ਆਧਾਰ 'ਤੇ, ਬੱਜਟ 2023 ਐਕਟਿਵ ਟ੍ਰਾਂਸਪੋਰਟੇਸ਼ਨ (ਅਜਿਹੀ ਆਵਾਜਾਈ ਜਿਸ ਵਿੱਚ ਇੱਕ ਥਾਂ ਤੋਂ ਦੂਜੀ ਥਾਂ ਜਾਣ ਲਈ ਆਪਣੀ ਸ਼ਕਤੀ ਦੀ ਵਰਤੋਂ ਕੀਤੀ ਜਾਂਦੀ ਹੈ ਜਿਵੇਂ ਕਿ ਪੈਦਲ ਤੁਰਨਾ, ਸਾਈਕਲ ਚਲਾਉਣਾ ਆਦਿ) ਦਾ ਨੈੱਟਵਰਕ ਬਣਾਉਣ ਲਈ ਅਗਲੇ ਤਿੰਨ ਸਾਲਾਂ ਵਿੱਚ $100 ਮਿਲੀਅਨ ਦਾ ਵਾਅਦਾ ਕਰਦਾ ਹੈ – ਜੋ ਕਿ ਬੀ.ਸੀ. ਦੇ ਇਤਿਹਾਸ ਵਿੱਚ 'ਐਕਟਿਵ ਟ੍ਰਾਂਸਪੋਰਟੇਸ਼ਨ' ਵਿੱਚ ਸਭ ਤੋਂ ਵੱਡਾ ਨਿਵੇਸ਼ ਹੈ। ਭਾਵੇਂ ਲੋਕ ਪੈਦਲ ਚੱਲਣ, ਸਾਈਕਲ ਚਲਾਉਣ ਜਾਂ ਟ੍ਰਾਂਜ਼ਿਟ ਲੈਣ, ਇਹ ਨਵੀਂ ਫੰਡਿੰਗ ਆਵਾਜਾਈ ਦੇ ਉਹਨਾਂ ਵੱਖ-ਵੱਖ ਮਾਧਿਅਮਾਂ ਦਾ ਵਿਸਤਾਰ ਕਰੇਗੀ, ਜੋ ਕਿ ਬੀ.ਸੀ. ਦੀਆਂ ਵੱਖ-ਵੱਖ ਕਮਿਊਨਿਟੀਆਂ ਲਈ ਵਧੀਆ ਕੰਮ ਕਰਦੇ ਹਨ।
- 'CleanBC ਗੋ ਇਲੈਕਟ੍ਰਿਕ ਕਮਰਸ਼ਲ ਵਹੀਕਲ ਪਾਇਲਟ ਪ੍ਰੋਗਰਾਮ' (CleanBC Go Commercial Pilot Program) ਰਾਹੀਂ ਬੀ.ਸੀ. ਅਧਾਰਤ ਕਾਰੋਬਾਰਾਂ, ਗੈਰ-ਮੁਨਾਫ਼ਾ ਸੰਸਥਾਵਾਂ ਅਤੇ ਯੋਗ ਜਨਤਕ ਸੰਸਥਾਵਾਂ ਨੂੰ ਜ਼ੀਰੋ-ਐਮਿਸ਼ਨ ਵਾਹਨਾਂ  ਵਿੱਚ ਤਬਦੀਲੀਆਂ ਕਰਨ ਵਿੱਚ ਮਦਦ ਕਰਨ ਲਈ, ਜਿਸ ਵਿੱਚ ਦਰਮਿਆਨੇ ਅਤੇ ਹੈਵੀ-ਡਿਊਟੀ ਵਾਲੇ ਟਰੱਕ ਸ਼ਾਮਲ ਹਨ, ਬੀ.ਸੀ. ਦੀ ਜ਼ੀਰੋ ਐਮਿਸ਼ਨ ਆਰਥਕਤਾ ਵੱਲ ਅੱਗੇ ਵਧਣ ਲਈ $40 ਮਿਲੀਅਨ।
- ਬੱਜਟ 2023 ਵਿੱਚ ਇਹ ਨਵੇਂ ਨਿਵੇਸ਼, 2019 ਤੋਂ ਚੱਲਦੇ ਆ ਰਹੇ CleanBC ਵਿੱਚ ਕੀਤੇ $3.5 ਬਿਲੀਅਨ ਤੋਂ ਵੱਧ ਦੇ ਪਿਛਲੇ ਨਿਵੇਸ਼ ਵਿੱਚ ਜੋੜੇ ਜਾਣਗੇ।

**ਉਦਯੋਗ ਲਈ ਇੱਕ ਨਵਾਂ ਕਾਰਬਨ ਟੈਕਸ ਢਾਂਚਾ**

ਕਾਰਬਨ ਪ੍ਰਾਇਸਿੰਗ (ਗਲੋਬਲ ਵਾਰਮਿੰਗ ਨੂੰ ਘਟਾਉਣ ਦਾ ਇੱਕ ਤਰੀਕਾ, ਜਿਸ ਵਿੱਚ ਕੋਲੇ, ਤੇਲ ਅਤੇ ਗੈਸ ਦੇ ਬਲਨ ਨੂੰ ਘਟਾਉਣ ਲਈ ਪ੍ਰਦੂਸ਼ਕਾਂ ਨੂੰ ਉਤਸ਼ਾਹਤ ਕਰਨ ਲਈ ਗ੍ਰੀਨਹਾਊਸ ਗੈਸਾਂ ਦੇ ਨਿਕਾਸ 'ਤੇ ਲਾਗਤ ਜਾਰੀ ਕੀਤੀ ਜਾਂਦੀ ਹੈ) 2030 ਤੱਕ CleanBC ਰੋਡਮੈਪ ਦਾ ਇੱਕ ਜ਼ਰੂਰੀ ਹਿੱਸਾ ਹੈ, ਜੋ ਕਿ ਨਿਕਾਸ ਨੂੰ ਘਟਾਉਣ ਅਤੇ ਇੱਕ ਟਿਕਾਊ, ਘੱਟ-ਕਾਰਬਨ ਵਾਲੇ ਭਵਿੱਖ ਦਾ ਨਿਰਮਾਣ ਕਰਨ ਲਈ ਬੀ.ਸੀ. ਦੀ ਯੋਜਨਾ ਹੈ, ਜੋ ਹਰੇਕ ਨੂੰ ਲਾਭ ਪਹੁੰਚਾਉਂਦੀ ਹੈ। ਬੀ.ਸੀ. ਫੈਡਰਲ ਸਰਕਾਰ ਅਤੇ ਉਦਯੋਗ ਦੇ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਤਾਂ ਜੋ ਉਦਯੋਗ ਲਈ ਇੱਕ ਨਵਾਂ, ਮੇਡ-ਇੰਨ-ਬੀ.ਸੀ. (ਬੀ.ਸੀ. ਵਿੱਚ ਤਿਆਰ) ਕਾਰਬਨ ਪ੍ਰਾਇਸਿੰਗ ਢਾਂਚਾ ਵਿਕਸਤ ਕੀਤਾ ਜਾ ਸਕੇ, ਜੋ ਕਿਫ਼ਾਇਤੀ ਅਤੇ ਢੁਕਵਾਂ ਰਹਿੰਦੇ ਹੋਏ ਅਤੇ ਫੈਡਰਲ ਪੈਮਾਨੇ ਦੇ ਨਾਲ ਮੇਲ ਖਾਕੇ ਨਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕੇ।

ਬੱਜਟ 2023 ਅੱਗੇ ਦਾ ਮਾਰਗ ਦਰਸਾਉਂਦਾ ਹੈ, ਅਤੇ ਮੌਜੂਦਾ ਉਦਯੋਗ ਪ੍ਰਾਇਸਿੰਗ ਸਿਸਟਮ, ਪਰਿਵਰਤਨ ਦੇ ਇੱਕ ਸਾਲ ਲਈ ਲਾਗੂ ਰਹੇਗਾ। 1 ਅਪ੍ਰੈਲ, 2024 ਤੋਂ ਸ਼ੁਰੂ ਹੋਕੇ, ਇੱਕ ਨਵਾਂ ਮੇਡ-ਇੰਨ-ਬੀ.ਸੀ. ਕਾਰਬਨ ਪ੍ਰਾਇਸਿੰਗ ਸਿਸਟਮ, ਮੌਜੂਦਾ ਸਿਸਟਮ ਦੀ ਥਾਂ ਲਵੇਗਾ। ਉਦਯੋਗ ਲਈ ਪ੍ਰਦਰਸ਼ਨ ਦੇ ਪੈਮਾਨੇ ਸਮੇਤ, ਨਵੇਂ ਕਾਰਬਨ ਪ੍ਰਾਇਸਿੰਗ ਢਾਂਚੇ ਬਾਰੇ ਹੋਰ ਵੇਰਵੇ, ਇਸ ਬਸੰਤ ਵਿੱਚ ਉਪਲਬਧ ਹੋਣਗੇ। ਅਸੀਂ ਨਵੇਂ ਸਿਸਟਮ ਦੇ ਅਸਰਦਾਰ ਅਮਲ ਨੂੰ ਯਕੀਨੀ ਬਣਾਉਣ ਲਈ 2023 ਦੌਰਾਨ ਉਦਯੋਗ ਨਾਲ ਕੰਮ ਕਰਨਾ ਜਾਰੀ ਰੱਖਾਂਗੇ।

1 ਅਪ੍ਰੈਲ, 2023 ਤੋਂ, ਕਾਰਬਨ ਟੈਕਸ 2030 ਵਿੱਚ $170 ਤੱਕ ਪਹੁੰਚਣ ਤੱਕ, ਹਰ ਸਾਲ ਲਈ $15 ਪ੍ਰਤੀ ਟਨ ਤੱਕ ਵਧੇਗਾ। ਕਾਰਬਨ ਟੈਕਸ ਵਧਣ ਦੇ ਨਾਲ, 'ਬੀ.ਸੀ. ਕਲਾਈਮੇਟ ਐਕਸ਼ਨ ਟੈਕਸ ਕ੍ਰੈਡਿਟ' ਵੀ ਸਭ ਤੋਂ ਵੱਧ ਪ੍ਰਭਾਵਿਤ ਲੋਕਾਂ ਲਈ ਵਧਦੀਆਂ ਲਾਗਤਾਂ ਨੂੰ ਪੂਰਾ ਕਰਨ ਵਿੱਚ ਮਦਦ ਲਈ ਵਧੇਗਾ। 2030 ਤੱਕ, ਅਸੀਂ ਉਮੀਦ ਕਰਦੇ ਹਾਂ ਕਿ ਬ੍ਰਿਟਿਸ਼ ਕੋਲੰਬੀਆ ਦੇ ਜ਼ਿਆਦਾਤਰ

ਲੋਕਾਂ ਨੂੰ ਕਾਰਬਨ ਟੈਕਸ ਲਾਗਤਾਂ ਵਿੱਚ ਭੁਗਤਾਨ ਕੀਤੇ ਜਾਣ ਨਾਲੋਂ ਵਧੇ ਹੋਏ ਕ੍ਰੈਡਿਟ ਰਾਹੀਂ ਜ਼ਿਆਦਾ ਰਾਸ਼ੀ ਮਿਲੇਗੀ।

## ਜਲਵਾਯੂ ਤਬਦੀਲੀ ਅਨੁਕੂਲ ਕਮਿਊਨਿਟੀਆਂ

ਬੱਜਟ 2023 ਵਿੱਚ ਅਗਲੇ ਤਿੰਨ ਸਾਲਾਂ ਵਿੱਚ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਵਧੇਰੇ ਜਲਵਾਯੂ ਤਬਦੀਲੀ ਅਨੁਕੂਲ ਕਮਿਊਨਿਟੀਆਂ (ਉਹ ਕਮਿਊਨਿਟੀਆਂ ਜੋ ਜਲਵਾਯੂ ਤਬਦੀਲੀ ਦੇ ਪ੍ਰਭਾਵਾਂ ਲਈ ਤਿਆਰ ਹਨ ਅਤੇ ਇਹਨਾਂ ਤੋਂ ਮੁੜ ਉੱਭਰ ਕੇ ਪ੍ਰਫੁੱਲਤ ਹੋਣ ਦੀ ਸ਼ਕਤੀ ਰੱਖਦੀਆਂ ਹਨ) ਦਾ ਨਿਰਮਾਣ ਕਰਨ ਲਈ $1.1 ਬਿਲੀਅਨ ਤੋਂ ਵੱਧ ਸ਼ਾਮਲ ਹੈ। ਬੱਜਟ 2023, ਅਜੇ ਵੀ ਜਲਵਾਯੂ ਸੰਬੰਧਤ ਆਫਤਾਂ ਤੋਂ ਪ੍ਰਭਾਵਿਤ ਕਮਿਊਨਿਟੀਆਂ ਨੂੰ ਮਜ਼ਬੂਤ ਬਣਾਉਣ ਲਈ ਅਤੇ ਘੱਟ ਕਾਰਬਨ ਵਾਲੇ ਭਵਿੱਖ ਦੇ ਮੌਕਿਆਂ ਦਾ ਲਾਭ ਉਠਾਉਣ ਵਿੱਚ ਲੋਕਾਂ ਦੀ ਮਦਦ ਕਰਨ ਲਈ ਸੋਚੇ-ਸਮਝੇ ਨਿਵੇਸ਼ ਕਰ ਰਿਹਾ ਹੈ।

- ਯੋਜਨਾ ਵਿੱਚ $750 ਮਿਲੀਅਨ ਸ਼ਾਮਲ ਹਨ, ਜੋ ਅਸੀਂ ਬੱਜਟ 2022 ਵਿੱਚ ਜੰਗਲੀ ਅੱਗਾਂ ਅਤੇ ਨਵੰਬਰ 2021 ਦੇ ਹੜ੍ਹਾਂ ਵਰਗੀਆਂ ਅਤਿਅੰਤ ਜਲਵਾਯੂ-ਸੰਬੰਧੀ ਆਫਤਾਂ ਤੋਂ ਪ੍ਰਭਾਵਿਤ ਕਮਿਊਨਿਟੀਆਂ ਦੀ ਮਦਦ ਲਈ ਵਚਨਬੱਧ ਕੀਤੇ ਹਨ।
- ਬੱਜਟ 2023 ਦੇ ਰਾਹੀਂ ਸੂਬਾ ਇਸ ਵਿੱਤੀ ਯੋਜਨਾ ਵਿੱਚ ਪੂੰਜੀਗਤ ਫੰਡਿੰਗ ਵਿੱਚ ਵਧੇਰੇ $300 ਮਿਲੀਅਨ ਲਗਾ ਰਿਹਾ ਹੈ, ਜਿਸ ਨਾਲ ਜਲਵਾਯੂ-ਸੰਬੰਧਤ ਐਮਰਜੈਂਸੀਆਂ ਨਾਲ ਹੋਏ ਸੂਬਾਈ ਬੁਨਿਆਦੀ ਢਾਂਚਿਆਂ ਦੇ ਨੁਕਸਾਨ ਦੀ ਮਰੰਮਤ ਜਾਂ ਉਹਨਾਂ ਨੂੰ ਬਦਲਣ ਵਿੱਚ ਸਹਾਇਤਾ ਹੋ ਸਕੇ।
- ਬੀ.ਸੀ. ਨੇ ਐਮਰਜੈਂਸੀ ਪ੍ਰਬੰਧਨ ਅਤੇ ਜਲਵਾਯੂ ਤਬਦੀਲੀ ਦੀ ਤਿਆਰੀ ਲਈ ਇੱਕ ਨਵਾਂ ਮੰਤਰਾਲਾ ਬਣਾਇਆ ਹੈ, ਜੋ ਸੂਬੇ ਦੀਆਂ ਐਮਰਜੈਂਸੀਆਂ ਵਿੱਚ ਜਵਾਬੀ ਪ੍ਰਤਿਕਿਰਿਆ ਦੀ ਸਮਰੱਥਾ ਨੂੰ ਵਧਾਉਂਦਾ ਹੈ ਅਤੇ ਜਲਵਾਯੂ ਤਬਦੀਲੀ ਨਾਲ ਨਜਿੱਠਣ ਲਈ ਯੋਜਨਾਬੰਦੀ ਅਤੇ ਤਿਆਰੀ ਵਿੱਚ ਕਮਿਊਨਿਟੀਆਂ ਦੀ ਮਦਦ ਕਰਦਾ ਹੈ।
    - ਬੱਜਟ 2023 ਸੂਬੇ ਵਿੱਚ ਐਮਰਜੈਂਸੀ ਪ੍ਰਬੰਧਨ ਸਮਰੱਥਾ ਨੂੰ ਵਧਾਉਣ ਅਤੇ ਆਫਤਾਂ ਦੇ ਜੋਖਮ ਦਾ ਮੁਲਾਂਕਣ, ਉਹਨਾਂ ਨਾਲ ਨਜਿੱਠਣ ਦੀ ਤਿਆਰੀ, ਅਤੇ ਉਹਨਾਂ ਨੂੰ ਘਟਾਉਣ ਵਿੱਚ ਨਵੇਂ ਨਿਵੇਸ਼ ਕਰਨ ਲਈ, ਤਿੰਨ ਸਾਲਾਂ ਵਿੱਚ $85 ਮਿਲੀਅਨ ਦੇ ਰਿਹਾ ਹੈ।
    - ਇਹ ਫੰਡਿੰਗ ਸੂਬੇ ਦੀ, ਫਰਸਟ ਨੇਸ਼ਨਜ਼ ਦੀ ਅਤੇ ਸਥਾਨਕ ਸਰਕਾਰਾਂ ਦੀ ਇਕੱਠਿਆਂ ਕੰਮ ਕਰਕੇ ਕਮਿਊਨਿਟੀਆਂ ਨੂੰ ਔਖੇ ਸਮਿਆਂ ਤੋਂ ਮੁੜ ਉੱਭਰਨ ਦੀ ਵਧੇਰੀ ਸ਼ਕਤੀ ਦੇਣ ਵਿੱਚ ਮਦਦ ਕਰੇਗੀ।
- ਫੈਡਰਲ-ਸੂਬਾਈ ਲਾਗਤ ਦਾ ਸਾਂਝਾ ਭੁਗਤਾਨ ਕਰਨ ਦੇ ਪ੍ਰਬੰਧਨ ਦੁਆਰਾ, ਬੀ ਸੀ ਵਾਈਲਡਫਾਇਰ ਸਰਵਿਸ ਪੰਜ ਸਾਲਾਂ ਵਿੱਚ ਅੱਗ ਬੁਝਾਉਣ ਵਾਲੇ ਸਾਜ਼ੋ ਸਮਾਨ ਲਈ $64 ਮਿਲੀਅਨ ਪ੍ਰਾਪਤ ਕਰੇਗਾ। ਇਹ ਬੱਜਟ 2022 ਵਿੱਚ, ਬੀ.ਸੀ. ਸਰਕਾਰ ਦੇ ਜੰਗਲੀ ਅੱਗ ਦੀ ਰੋਕਥਾਮ ਦਾ ਵਿਸਤਾਰ ਕਰਨ ਅਤੇ ਸਾਲ-ਭਰ ਜੰਗਲੀ ਅੱਗ ਸਰਵਿਸ ਵਿੱਚ ਸਟਾਫ਼ ਭਰਤੀ ਕਰਨ ਦੇ ਫੈਸਲੇ ’ਤੇ ਅਧਾਰਤ ਹੈ।